# BUDHA DAL PUBLIC SCHOOL, PATIALA

## FIRST TERM EXAMINATION (11 September 2025)

**Sub: Punjabi (Set - A)**

**Class-IV**

**Time:3hrs.** **Marks: 80**

**ਪ੍ਰ1. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:** (8)

1. ਨਿੰਮ ਦੇ ਪੱਤਿਆਂ ਦੇ ਕੀ-ਕੀ ਲਾਭ ਹਨ?
2. ਲੋਕ ਨਿੰਮ ਦੇ ਪੱਤਿਆਂ ਨੂੰ ਗਰਮ ਕੱਪੜਿਆਂ ਵਿੱਚ ਕਿਉਂ ਰੱਖਦੇ ਹਨ, ਨਿੰਮ ਦੀ ਦਾਤਣ ਨਾਲ ਮਸੂੜੇ ਕਿਹੋ-ਜਿਹੇ ਬਣ ਜਾਂਦੇ ਹਨ?
3. ਪੱਕਾ ਖਾਤਾ ਕੀ ਹੁੰਦਾ ਹੈ?
4. ਟੋਕਨ ਕਿਸ ਨੂੰ ਆਖਦੇ ਹਨ? ਖਜਾਨਚੀ ਨੇ ਟੋਕਨ ਲੈ ਕੇ ਕਿੰਨੇ ਰੁਪਏ ਹਰਦੇਵ ਨੂੰ ਦਿੱਤੇ?

**ਪ੍ਰ2. ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ।** (4)

ਲਾਭ, ਵਿਕਾਸ, ਪੜਤਾਲ, ਕਿਤਾਬ

**ਪ੍ਰ3 ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਓ। (ਕੋਈ ਚਾਰ)** (4)

ਬਜ਼ਾਰ, ਬੈਂਕ, ਨਿੰਮ, ਵਾਤਾਵਰਨ, ਦਰੱਖ਼ਤ

**ਪ੍ਰ4. ਹੇਠਾਂ ਲਿਖੇ ਸ਼ਬਦਾਂ ਨੂੰ ਚੁਣ ਕੇ ਖਾਲੀ ਥਾਵਾਂ ਭਰੋ।** (5)

**(ਛਤਰੀ, ਰਾਖਾ, ਕੀੜਾ, ਬੈਂਕ, ਖਾਦ)**

1. ਨਿੰਮ ਦੀ ਦਾਤਣ ਕਰਨ ਨਾਲ ਦੰਦਾਂ ਨੂੰ ............... ਨਹੀਂ ਲੱਗਦਾ।
2. ਬੈਂਕ ਸਾਡੇ ਪੈਸਿਆਂ ਦਾ .................. ਹੈ।
3. ਮੀਂਹ ਆਉਣ ਤੇ ਬਬਲੂ ਨੇ ................ ਖੋਲ੍ਹੀ।
4. ਨਿੰਮ ਦੀਆਂ ਗਿਟਕਾਂ ਖੇਤਾਂ ਵਿੱਚ .............. ਦੇ ਕੰਮ ਆਉਂਦੀਆਂ ਹਨ।
5. ਅਮਰਦੀਪ ਦੇ ਪਿਤਾ ਜੀ ਨੇ ਪੈਸੇ .................... ਤੋਂ ਲਿਆਉਣੇ ਸੀ।

**ਪ੍ਰ5. ਹੇਠ ਲਿਖੇ ਵਾਕਾਂ ਅੱਗੇ ਸਹੀ ਜਾਂ ਗ਼ਲਤ ਲਿਖੋ।** (5)

1. ਨਿੰਮ ਦੇ ਰੁੱਖਾਂ ਦੇ ਬਹੁਤ ਲਾਭ ਹੁੰਦੇ ਹਨ।
2. ਅਮਰਦੀਪ ਦੇ ਪੁੱਤਰ ਦਾ ਨਾਂ ਹਰਦੇਵ ਸੀ।
3. ਖਾਤੇ ਤਿੰਨ ਪ੍ਰਕਾਰ ਦੇ ਹੁੰਦੇ ਹਨ।
4. ਨਿੰਮ ਦੇ ਫਲ ਨੂੰ ਕਰੂੰਬਲਾਂ ਕਹਿੰਦੇ ਹਨ।
5. ਬਬਲੂ ਦੇ ਸ਼ੌਕ ਨਿਰਾਲੇ ਸਨ।

Scanned with OKEN Scanner

ਪ੍ਰ6. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਚੁਣੋ। (6)

1. ਬਬਲੂ ਨੇ ਕੀ ਬਣਾਇਆ?

ੳ) ਸਾਈਕਲ ਅ) ਸਕੂਟਰ ੲ) ਕਾਰ

2. ਕਿਤਾਬ ਖੋਲ੍ਹਣ ਤੇ ਕੌਣ ਬੋਲਦਾ ਸੀ?

ੳ) ਰਾਜਾ ਅ) ਜਾਦੂਗਰ ੲ) ਤੋਤਾ

3. ਬਬਲੂ ਨੇ ਜਾਦੂ ਦੀ ਕੀ ਬਣਾਈ?

ੳ) ਬੈਟਰੀ ਅ) ਕੁਰਸੀ ੲ) ਛੜੀ

4. ਬਬਲੂ ਨੇ ਸਾਈਕਲ ਕਿਸ ਨਾਲ ਸਜਾਇਆ?

ੳ) ਲਾਇਟਾਂ ਨਾਲ਼ ਅ) ਰੰਗਾਂ ਨਾਲ ੲ) ਫੁੱਲਾਂ ਨਾਲ

5. ਕਲਰਕ ਨੇ ਕਿੰਨਾ ਟੋਕਨ ਨੰਬਰ ਅਮਰਦੀਪ ਦੇ ਪਿਤਾ ਨੂੰ ਦਿੱਤਾ?

ੳ) 81 ਅ) 83 ੲ) 85

6. ਨਿੰਮ ਦੇ ਪੱਤੇ ਖਾਣ ਨਾਲ ਕਿਹੜਾ ਰੋਗ ਦੂਰ ਹੁੰਦਾ ਹੈ?

ੳ) ਦਿਲ ਦਾ ਰੋਗ ਅ) ਸ਼ੱਕਰ ਰੋਗ ੲ) ਦਿਮਾਗ ਦਾ ਰੋਗ

ਪ੍ਰ7. ਹੇਠ ਲਿਖੇ ਸ਼ਬਦਾਂ ਦੇ (ਦੋ-ਦੋ) ਸਮਾਨਾਰਥਕ ਸ਼ਬਦ ਲਿਖੋ: (5)

ਅਮੀਰ, ਅੰਤਰ, ਸਾਫ਼, ਸੋਹਣਾ, ਹਾਨੀ

ਪ੍ਰ8. ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ: (3)

ਆਂਬ, ਇਰਖਾ, ਸੇਹਤ, ਸਮਜ, ਹਥ, ਸੇਭ

ਪ੍ਰ9. ਗਿਣਤੀ ਲਿਖੋ: (3)

8, 12, 19, 27, 32, 38

ਪ੍ਰ10. ਹੇਠ ਲਿਖੇ ਮੁਹਾਵਰਿਆਂ ਦਾ ਸਹੀ ਅਰਥਾਂ ਨਾਲ ਮਿਲਾਨ ਕਰੋ: (5)

| | | |
|---|---|---|
| 1. | ਉੰਨੀ-ਇੱਕੀ ਦਾ ਫ਼ਰਕ | ਬਹੁਤ ਥੱਕ ਜਾਣਾ |
| 2. | ਈਦ ਦਾ ਚੰਦ ਹੋਣਾ | ਬਹੁਤ ਪਿਆਰ ਹੋਣਾ |
| 3. | ਸਾਹੋ ਸਾਹ ਹੋਣਾ | ਮਦਦ ਕਰਨੀ |
| 4. | ਹੱਥ ਵਟਾਉਣਾ | ਬਹੁਤ ਥੋੜ੍ਹਾ ਫ਼ਰਕ |
| 5. | ਘਿਓ-ਖਿਚੜੀ ਹੋਣਾ | ਬਹੁਤ ਦੇਰ ਬਾਅਦ ਮਿਲਣਾ |

Scanned with OKEN Scanner

**ਪ੍ਰ11. ਵਿਆਕਰਨ ਸੰਬੰਧੀ ਪ੍ਰਸ਼ਨ/ਉੱਤਰ:** (5)

1. ਪੰਜਾਬੀ ਵਰਨਮਾਲਾ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਗਿਆ ਹੈ।
2. ਹਿੰਦੀ ਭਾਸ਼ਾ ਦੀ ਲਿਪੀ ਕਿਹੜੀ ਹੈ?
3. ਸ਼ ਤੋਂ ਲ਼ ਤੱਕ ਦੇ ਅੱਖਰ ਕਿਸ ਭਾਸ਼ਾ ਤੋਂ ਲਏ ਗਏ ਹਨ?
4. ਬੱਚਾ ਸਭ ਤੋਂ ਪਹਿਲਾਂ ਕਿਹੜੀ ਬੋਲੀ ਸਿੱਖਦਾ ਹੈ?
5. ਪੰਜਾਬੀ ਵਰਨਮਾਲਾ ਵਿੱਚ ਕਿੰਨੇ ਦੁੱਤ ਅੱਖਰ ਹਨ?

**ਪ੍ਰ12. ਸਹੀ ਸ਼ਬਦ ਚੁਣ ਕੇ ਲਿਖੋ:** (4)

1. ਇੱਕ ਹਫ਼ਤੇ ਵਿੱਚ .............. ਦਿਨ ਹੁੰਦੇ ਹਨ। (ਪੰਜ/ ਸੱਤ)
2. ਜੋ ................. ਕਰਦੇ ਹਨ ਉਹ ਹਮੇਸ਼ਾਂ ਸਫ਼ਲ ਹੁੰਦੇ ਹਨ। (ਆਲਸ/ ਮਿਹਨਤ)
3. ਈਦ ਦੇ ਤਿਉਹਾਰ ਤੇ ................... ਬਣਾਈਆਂ ਜਾਂਦੀਆਂ ਹਨ। (ਸੇਵੀਆਂ/ ਦਾਲ)
4. ਕਮਲ ਸਾਡਾ ਰਾਸ਼ਟਰੀ ...................... ਹੈ। (ਫਲ/ ਫੁੱਲ)

**ਪ੍ਰ13. ਹੇਠਾਂ ਦਿੱਤੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:** (5)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦੱਸਵੇਂ ਗੁਰੂ ਸਨ। ਉਨ੍ਹਾਂ ਨੇ ਧਰਮ ਅਤੇ ਕੌਮ ਦੀ ਖ਼ਾਤਰ ਉਸ ਸਮੇਂ ਦੀ ਮੁਗ਼ਲ ਸਰਕਾਰ ਨਾਲ ਟੱਕਰ ਲਈ। ਉਸ ਸਮੇਂ ਮੁਗ਼ਲ ਸਮਰਾਟ ਔਰੰਗਜ਼ੇਬ ਦਾ ਰਾਜ ਸੀ। ਉਹ ਹਿੰਦੂਆਂ ਦਾ ਕੱਟੜ ਵਿਰੋਧੀ ਸੀ। ਉਹ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਰਿਹਾ ਸੀ। ਉਸ ਨੇ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਸ਼ਹੀਦ ਕਰਵਾ ਦਿੱਤਾ। ਕਿਉਂਕਿ ਉਹਨਾਂ ਨੇ ਮੁਸਲਮਾਨ ਬਣਨਾ ਕਬੂਲ ਨਹੀਂ ਸੀ ਕੀਤਾ। ਸਰਹਿੰਦ ਦੇ ਨਵਾਬ ਵਜ਼ੀਰ ਖ਼ਾਨ ਨੇ ਛੋਟੇ ਸਾਹਿਬਜ਼ਾਦਿਆਂ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਨੂੰ ਨੀਂਹਾਂ ਵਿੱਚ ਚਿਣਵਾ ਕੇ, ਇਸ ਕਰਕੇ ਸ਼ਹੀਦ ਕਰਵਾ ਦਿੱਤਾ ਕਿਉਂਕਿ ਉਹਨਾਂ ਨੇ ਮੁਸਲਮਾਨ ਬਣਨ ਤੋਂ ਇਨਕਾਰ ਕਰ ਦਿੱਤਾ ਸੀ। ਇਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਨੂੰ ਬਚਾਉਣ ਲਈ ਆਪਣਾ ਸਰਬੰਸ ਵਾਰ ਦਿੱਤਾ।

1. ਗੁਰੂ ਜੀ ਨੇ ਕਿਸ ਨਾਲ ਟੱਕਰ ਲਈ?
2. ਔਰੰਗਜ਼ੇਬ ਕਿੰਨ੍ਹਾਂ ਦਾ ਕੱਟੜ ਵਿਰੋਧੀ ਸੀ?
3. ਛੋਟੇ ਸਾਹਿਬਜ਼ਾਦਿਆਂ ਦੇ ਕੀ ਨਾਂ ਸਨ?
4. ਗੁਰੂ ਤੇਗ ਬਹਾਦਰ ਜੀ ਨੂੰ ਕਿੱਥੇ ਸ਼ਹੀਦ ਕੀਤਾ ਗਿਆ?
5. ਗੁਰੂ ਜੀ ਨੇ ਧਰਮ ਨੂੰ ਬਚਾਉਣ ਲਈ ਕੀ ਕੀਤਾ?

**ਪ੍ਰ14. ਹੇਠਾਂ ਦਿੱਤੇ ਪੈਰ੍ਹੇ ਨੂੰ ਪੜ੍ਹ ਕੇ ਸਹੀ ਪ੍ਰਸ਼ਨਾਂ ਦੇ ਉੱਤਰ ਚੁਣੋ:** (5)

ਸਿੱਖਿਆ ਜ਼ਿੰਦਗੀ ਭਰ ਚੱਲਦੀ ਹੈ। ਗਿਣਤੀ ਦੀਆਂ ਜਮਾਤਾਂ ਪਾਸ ਕਰਨ ਨਾਲ਼ ਖ਼ਤਮ ਨਹੀਂ ਹੁੰਦੀ। ਸਾਨੂੰ ਹਰ ਪਲ ਕੁਝ ਨਵਾਂ ਸਿੱਖਣ ਦਾ ਮੌਕਾ ਮਿਲਦਾ ਹੈ। ਕੁਦਰਤ ਤੋਂ ਸਿੱਖਣ ਲਈ ਵੀ ਕਿੰਨਾ ਕੁਝ ਹੈ। ਆਪਣੇ ਗਲੀ-ਮੁਹੱਲੇ ਦੇ ਆਪ ਤੋਂ ਵੱਡੀ ਉਮਰ ਦੇ ਅਤੇ ਵੱਧ ਪੜ੍ਹੇ-ਲਿਖੇ ਲੋਕਾਂ ਤੋਂ ਵੀ ਕੁਝ ਨਾ ਕੁਝ ਸਿੱਖਿਆ ਜਾ ਸਕਦਾ ਹੈ। ਸਿਆਣੇ ਲੋਕ ਦੂਜਿਆਂ ਦੇ ਤਜ਼ਰਬਿਆਂ ਤੋਂ ਵੀ ਲਾਭ ਉਠਾਉਂਦੇ ਹਨ। ਲਾਇਬਰੇਰੀ ਸਿੱਖਿਆ ਦਾ ਸਸਤਾ ਸਾਧਨ ਹੈ। ਨਦੀ ਦੇ ਵਗਦੇ ਪਾਣੀ ਵਾਂਗ ਸਾਨੂੰ ਹਮੇਸ਼ਾ ਕੁਝ ਨਾ ਕੁਝ ਨਵਾਂ ਸਿੱਖਦੇ ਰਹਿਣਾ ਚਾਹੀਦਾ ਹੈ।

A-3

Scanned with OKEN Scanner

1. ਕਿਹੜੇ ਲੋਕ ਦੂਜਿਆਂ ਦੇ ਤਜ਼ਰਬਿਆਂ ਤੋਂ ਸਿੱਖਦੇ ਹਨ?

ੳ) ਨਿਆਣੇ ਲੋਕ  ਅ) ਅਮੀਰ ਲੋਕ  ੲ) ਸਿਆਣੇ ਲੋਕ

2. ਸਿੱਖਿਆ ਦਾ ਸਸਤਾ ਸਾਧਨ ਹੈ?

ੳ) ਸਕੂਲ  ਅ) ਲਾਇਬਰੇਰੀ  ੲ) ਘਰ

3. ਕਿਸ ਵਾਂਗ ਸਿੱਖਦੇ ਰਹਿਣਾ ਜ਼ਰੂਰੀ ਹੈ?

ੳ) ਨਦੀ ਦੇ ਵਗਦੇ ਪਾਣੀ ਵਾਂਗ  ਅ) ਛੱਪੜ ਦੇ ਪਾਣੀ ਵਾਂਗ

4. ਸਿੱਖਿਆ ਕਦੋਂ ਤੱਕ ਚੱਲਦੀ ਹੈ?

ੳ) ਦਸ ਸਾਲ ਤੱਕ  ਅ) ਜ਼ਿੰਦਗੀ ਭਰ  ੲ) ਬਚਪਨ ਤੱਕ

5. ਪੈਰ੍ਹੇ ਦਾ ਸਿਰਲੇਖ ਲਿਖੋ :

ੳ) ਸਿੱਖਿਆ  ਅ) ਉਮਰ  ੲ) ਪਾਣੀ

**ਪ੍ਰ15. ਬਿਨੈ-ਪੱਤਰ:** **(6)**

ਆਪਣੇ ਸਕੂਲ ਦੇ ਮੁੱਖ ਅਧਿਆਪਕਾ ਜੀ ਨੂੰ ਜ਼ਰੂਰੀ ਕੰਮ ਕਾਰਨ ਛੁੱਟੀ ਲੈਣ ਲਈ ਬਿਨੈ-ਪੱਤਰ ਲਿਖੋ।

**ਜਾਂ**

ਆਪਣੇ ਸਕੂਲ ਦੇ ਮੁੱਖ ਅਧਿਆਪਕਾ ਜੀ ਨੂੰ ਜੁਰਮਾਨਾ ਮੁਆਫ਼ੀ ਲਈ ਬਿਨੈ-ਪੱਤਰ ਲਿਖੋ।

**ਪ੍ਰ16 ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ:** **(7)**

ਮੇਰਾ ਸਕੂਲ  **ਜਾਂ**  ਸਵੇਰ ਦੀ ਸੈਰ

Scanned with OKEN Scanner